# मैं ते बाबा जी ते सुट्टीयां डोरां

ਮੈਂ ਤੇ, ਬਾਬਾ ਜੀ ਤੇ ਸੁੱਟੀਆਂ ਡੋਰਾਂ,
ਆਪੇ ਬੇੜਾ ਪਾਰ ਲਾਣਗੇ ॥
ਮੈਨੂੰ, ਕਿਸੇ ਦੀਆਂ ਨਹੀਂ ਲੋੜਾਂ,
ਆਪੇ ਬੇੜਾ ਪਾਰ ਲਾਣਗੇ ॥
ਪਾਰ ਲਾਣਗੇ ਜੀ ਬੇੜਾ, ਪਾਰ ਲਾਣਗੇ ।
ਮੈਂ ਤੇ, ਬਾਬਾ ਜੀ ਤੇ,,,,,,,,,,,,,,,,,,,,,,,,

ਆਏ ਤੇਰੇ ਦਰ ਉੱਤੇ, ਨਾਮ ਦੇ ਸਵਾਲੀ ਜੀ ।
ਭਰੋ ਸਾਡੀ ਝੋਲੀ ਦਰੋਂ, ਜਾਈਏ ਨਾ ਖ਼ਾਲੀ ਜੀ ॥
ਮੈਂ ਤੇ, ਬਾਬਾ ਜੀ ਨੂੰ, ਦੁੱਖੜਾ ਸੁਣਾਵਾਂ,
ਆਪੇ ਬੇੜਾ ਪਾਰ ਲਾਣਗੇ,,,
ਮੈਂ ਤੇ, ਬਾਬਾ ਜੀ ਤੇ,,,,,,,,,,,,,,,,,,,,,,,,F

ਦੂਰੋਂ ਦੂਰੋਂ ਸੰਗਤਾਂ ਨੇ, ਦਰ ਉੱਤੇ ਆਈਆਂ ਜੀ ।
ਆਪਣਾ ਬਣਾ ਲਓ ਕਰੋ, ਰਹਿਮਤਾਂ ਸਵਾਈਆਂ ਜੀ ॥
ਮੈਂ ਤੇ, ਚਰਨਾਂ ਚ ਸੀਸ ਝੁਕਾਵਾਂ,
ਆਪੇ ਬੇੜਾ ਪਾਰ ਲਾਣਗੇ,,,
ਮੈਂ ਤੇ, ਬਾਬਾ ਜੀ ਤੇ,,,,,,,,,,,,,,,,,,,,,,,,F

ਲੱਖਾਂ ਦਰ ਦੇਖੇ ਤੇਰੇ, ਦਰ ਜੇਹਾ ਹੋਰ ਨਾ ।
ਦਰ ਤੇਰੇ ਉੱਤੇ ਕਦੀ, ਆਵੇ ਕੋਈ ਥੋੜ ਨਾ ॥
ਮੈਂ ਵੀ, ਬਾਬਾ ਜੀ ਤੋਂ ਭੁੱਲ ਬਖਸ਼ਾਵਾਂ,
ਆਪੇ ਬੇੜਾ ਪਾਰ ਲਾਣਗੇ,,,
ਮੈਂ ਤੇ, ਬਾਬਾ ਜੀ ਤੇ,,,,,,,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ


https://bhajanganga.com/bhajan/lyrics/id/27235/title/main-te-baba-ji-te-suttiyan-doran

अपने Android मोबाइल पर BhajanGanga App डाउनलोड करें और भजनों का आनंद ले |